# ਪਾਠ-17
## ਲੋਹੜੀ (ਲੇਖਕ-ਡਾ. ਹਰਨੇਕ ਸਿੰਘ ਕਲੇਰ)

## 1. ਪ੍ਰਸ਼ਨ/ਉੱਤਰ

**ਪ੍ਰਸ਼ਨ ੳ. ਲੋਹੜੀ ਦਾ ਤਿਉਹਾਰ ਕਦੋਂ ਅਤੇ ਕਿਉਂ ਮਨਾਇਆ ਜਾਂਦਾ ਹੈ?**

ਉੱਤਰ : ਲੋਹੜੀ ਦਾ ਤਿਉਹਾਰ ਪੰਜਾਬ ਵਿੱਚ ਦੇਸੀ ਮਹੀਨੇ ਪੋਹ ਦੀ ਆਖ਼ਰੀ ਰਾਤ ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਨਵੇਂ ਜੀਅ ਦੇ ਜਨਮ ਦੀ ਖ਼ੁਸ਼ੀ ਨੂੰ ਸਮਾਜ ਨਾਲ਼ ਸਾਂਝੀ ਕਰਨ ਲਈ ਮਨਾਇਆ ਜਾਂਦਾ ਹੈ।

**ਪ੍ਰਸ਼ਨ ਅ. ਲੋਹੜੀ ਦੇ ਤਿਉਹਾਰ ਦਾ ਸੰਬੰਧ ਕਿਰਸਾਣੀ ਜੀਵਨ ਨਾ਼ਲ ਕਿਵੇਂ ਜੁੜਿਆ ਹੋਇਆ ਹੈ?**



ਉੱਤਰ : ਖੇਤੀ ਪੰਜਾਬ ਦਾ ਮੁੱਖ ਪੇਸ਼ਾ ਹੈ। ਮਸ਼ੀਨਾਂ ਆਉਣ ਤੋਂ ਪਹਿਲਾਂ ਹਰ ਪਰਿਵਾਰ ਵਿੱਚ ਜ਼ਿਆਦਾ ਬੰਦਿਆਂ ਦੀ ਲੋੜ ਪੈਂਦੀ ਸੀ। ਇਸੇ ਕਰਕੇ ਘਰ ਵਿੱਚ ਪੁੱਤਰ ਦੀ ਆਮਦ ਉੱਤੇ ਖ਼ੁਸ਼ੀ ਵਜੋਂ ਲੋਹੜੀ ਮਨਾਉਣੀ ਸ਼ੁਰੂ ਹੋ ਗਈ।

**ਪ੍ਰਸ਼ਨ ੲ. ਲੋਹੜੀ ਸ਼ਬਦ ਕਿਵੇਂ ਹੋਂਦ ਵਿੱਚ ਆਇਆ?**

ਉੱਤਰ : ਮਿੱਥ ਅਨੁਸਾਰ ਤਿਲ਼ ਅਤੇ ਗੁੜ ਦੀ ਰੋੜੀ ਭਾਵ ਤਿਲ਼+ਰੋੜੀ ਤੋਂ ਹੌਲ਼ੀ-ਹੌਲ਼ੀ ਲੋਹੜੀ ਸ਼ਬਦ ਬਣ ਗਿਆ।

**ਪ੍ਰਸ਼ਨ ਸ. 'ਈਸ਼ਰ ਆਏ ਦਲਿੱਦਰ ਜਾਏ' ਤੁਕ ਤੋਂ ਕੀ ਭਾਵ ਹੈ?**

ਉੱਤਰ : ਇਸ ਦਾ ਭਾਵ ਹੈ ਕਿ ਲੋਹੜੀ ਤੋਂ ਪਹਿਲਾਂ ਸਰਦੀ ਦੀ ਸੁਸਤੀ ਚਲੀ ਜਾਵੇ ਹਰ ਕੋਈ ਉੱਦਮੀ ਹੋ ਕੇ ਕੰਮ ਕਰੇ ਤੇ ਖ਼ੁਸ਼ਹਾਲੀ ਲਿਆਵੇ।

**ਪ੍ਰਸ਼ਨ ਹ. ਪਿੰਡਾਂ ਵਿੱਚ ਲੋਹੜੀ ਦਾ ਤਿਉਹਾਰ ਕਿਵੇਂ ਮਨਾਇਆ ਜਾਂਦਾ ਹੈ?**

ਉੱਤਰ : ਪਿੰਡਾਂ ਵਿੱਚ ਲੋਹੜੀ ਦੇ ਤਿਉਹਾਰ ਨੂੰ ਸਾਂਝੀ ਥਾਂ ਅਰਥਾਤ, ਸੱਥ ਵਿੱਚ ਪਾਥੀਆਂ ਅਤੇ ਲੱਕੜੀਆਂ ਦੀ ਲੋਹੜੀ ਬਾਲ਼ ਕੇ ਮਨਾਇਆ ਜਾਂਦਾ ਹੈ। ਇਸਤਰੀਆਂ ਬਲ਼ਦੀ ਲੋਹੜੀ ਵਿੱਚ ਤਿਲ਼ ਪਾਉਂਦੀਆਂ ਤੇ ਭੈਣਾਂ, ਵੀਰਾਂ ਦੀ ਲੰਮੀ ਉਮਰ ਦੇ ਗੀਤ ਗਾਉਂਦੀਆਂ ਹਨ। ਦੁੱਲਾ ਭੱਟੀ ਦੀ ਕਥਾ ਸੁਣਾਈ ਜਾਂਦੀ ਹੈ। ਗੁੜ ਦੀਆਂ ਭੇਲ਼ੀਆਂ ਭੰਨ ਕੇ ਰੋੜੀਆਂ ਬਣਾ ਕੇ ਸ਼ਗਨ ਵਜੋਂ ਵੰਡੀਆਂ ਜਾਂਦੀਆਂ ਹਨ।

**ਪ੍ਰਸ਼ਨ ਕ. ਸ਼ਹਿਰਾਂ ਦੀ ਲੋਹੜੀ ਤੇ ਪਿੰਡਾਂ ਦੀ ਲੋਹੜੀ ਵਿੱਚ ਕੀ ਅੰਤਰ ਹੈ?**

ਉੱਤਰ : ਪਿੰਡਾਂ ਦੀ ਲੋਹੜੀ ਜਿੱਥੇ ਪਿੰਡ ਦੀ ਸਾਂਝੀ ਥਾਂ ਅਰਥਾਤ ਸੱਥ ਵਿੱਚ ਬਾਲ਼ੀ ਜਾਂਦੀ ਹੈ, ਉੱਥੇ ਸ਼ਹਿਰਾਂ ਵਿੱਚ ਲੋਹੜੀ ਗਲ਼ੀ-ਮੁਹੱਲੇ ਜਾਂ ਘਰਾਂ ਦੇ ਵਿਹੜਿਆਂ ਵਿੱਚ ਬਾਲ਼ੀ ਜਾਂਦੀ ਹੈ।

**ਪ੍ਰਸ਼ਨ ਖ. "ਉਹ ਦਿਨ ਦੂਰ ਨਹੀਂ, ਜਦੋਂ ਲੋਹੜੀ ਧੀਆਂ ਅਤੇ ਪੁੱਤਰਾਂ ਦਾ ਸਾਂਝਾ ਤਿਉਹਾਰ ਬਣ ਜਾਵੇਗਾ।" ਇਸ ਬਾਰੇ ਆਪਣੇ ਵਿਚਾਰ ਲਿਖੋ।**

ਉੱਤਰ : ਵਰਤਮਾਨ ਯੁੱਗ ਵਿੱਚ ਲੜਕੀਆਂ ਵੱਲੋਂ ਵਿੱਦਿਆ, ਖੇਡਾਂ, ਕਾਰੋਬਾਰ ਅਤੇ ਉੱਚੇ ਅਹੁਦੇ ਪ੍ਰਾਪਤ ਕਰਨ ਕਰਕੇ ਪੁੱਤਰਾਂ ਤੇ ਧੀਆਂ ਦੇ ਮਹੱਤਵ ਵਿੱਚ ਫ਼ਰਕ ਘਟਦਾ ਜਾ ਰਿਹਾ ਹੈ। ਇਸ ਕਰਕੇ ਉਹ ਦਿਨ ਦੂਰ ਨਹੀਂ, ਜਦੋਂ ਲੋਹੜੀ ਧੀਆਂ ਤੇ ਪੁੱਤਰਾਂ ਦਾ ਸਾਂਝਾ ਤਿਉਹਾਰ ਬਣ ਜਾਵੇਗਾ।

## 2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਪ੍ਰਚਲਿਤ | : | ਜਿਸ ਦਾ ਰਿਵਾਜ ਹੋਵੇ |
| ਖ਼ੁਸ਼ਹਾਲੀ | : | ਆਰਥਿਕ ਪੱਖੋਂ ਬੇਫ਼ਿਕਰੀ, ਚੰਗੀ ਹਾਲਤ, ਖ਼ੁਸ਼ੀ |
| ਆਮਦ | : | ਆਉਣ ਦਾ ਭਾਵ |
| ਅਸੀਸਾਂ | : | ਸ਼ੁੱਭ-ਇੱਛਾਵਾਂ, ਅਸ਼ੀਰਵਾਦ |
| ਵੇਲ ਵਧਣੀ | : | ਵਾਧਾ ਹੋਣਾ, ਉਲ਼ਾਦ ਹੋਣਾ |
| ਤੋਹਫ਼ੇ | : | ਸੁਗ਼ਾਤਾਂ, ਭੇਟਾਵਾਂ, ਨਜ਼ਰਾਨੇ |
| ਸਨੇਹੀ | : | ਮਿੱਤਰ, ਦੋਸਤ, ਮੇਲੀ-ਗੇਲੀ, ਸਨੇਹ ਰੱਖਣ ਵਾਲ਼ੇ |

## 3. ਵਾਕਾਂ ਵਿੱਚ ਵਰਤੋਂ :

1. **ਅਗਾਂਹ-ਵਧੂ (ਅੱਗੇ ਵਧਣ ਵਾਲ਼ੇ ਪ੍ਰਗਤੀਵਾਦੀ)–** ਸਾਡੀ ਸੋਚ ਅਗਾਂਹ-ਵਧੂ ਹੋਣੀ ਚਾਹੀਦੀ ਹੈ।
2. **ਰੀਤ (ਰਸਮ)–** ਲੋਹੜੀ ਬੱਚੇ ਦੇ ਜਨਮ ਨਾਲ਼ ਸੰਬੰਧਿਤ ਰੀਤਾਂ ਦਾ ਤਿਉਹਾਰ ਹੈ।
3. **ਦਲਿੱਦਰ (ਗ਼ਰੀਬੀ, ਸੁਸਤੀ)–** ਸਰਕਾਰਾਂ ਵੱਲੋਂ ਚੰਗੇ ਕਦਮ ਚੁੱਕ ਕੇ ਹੀ ਲੋਕਾਂ ਦਾ ਦਲਿੱਦਰ ਕੱਟਿਆ ਜਾ ਸਕਦਾ ਹੈ।
4. **ਦੁਆਵਾਂ (ਅਰਦਾਸਾਂ)–** ਲੋਹੜੀ 'ਤੇ ਸਾਰੇ ਚੰਗੇ ਦਿਨ ਆਉਣ ਲਈ ਦੁਆਵਾਂ ਕਰਦੇ ਹਨ।
5. **ਹਰਮਨ-ਪਿਆਰਾ (ਹਰ ਇਕ ਦਾ ਪਿਆਰਾ)–** ਮੇਰੇ ਪੰਜਾਬੀ ਦੇ ਅਧਿਆਪਕ ਸਕੂਲ ਵਿੱਚ ਹਰਮਨ-ਪਿਆਰੇ ਅਧਿਆਪਕ ਹਨ।
6. **ਚਾਵਾਂ (ਉਮੰਗਾਂ)–** ਮਾਂਵਾਂ ਬੱਚਿਆਂ ਨੂੰ ਚਾਵਾਂ ਨਾਲ਼ ਪਾਲ਼ਦੀਆਂ ਹਨ।

## ਹੇਠ ਲਿਖੇ ਤਿਉਹਾਰਾਂ ਨੂੰ ਅਸਥਾਨਾਂ ਨਾਲ਼ ਜੋੜੋ :

| **ਤਿਉਹਾਰ** | **ਅਸਥਾਨ** |
|---|---|
| ਦਿਵਾਲ਼ੀ | ਕੁੱਲੂ |
| ਦੁਸਹਿਰਾ | ਸ੍ਰੀ ਅੰਮ੍ਰਿਤਸਰ ਸਾਹਿਬ |
| ਵਿਸਾਖੀ | ਸ੍ਰੀ ਮੁਕਤਸਰ ਸਾਹਿਬ |
| ਮਾਘੀ | ਪਟਿਆਲਾ |
| ਬਸੰਤ | ਸ੍ਰੀ ਅਨੰਦਪੁਰ ਸਾਹਿਬ |

## ਵਿਆਕਰਨ

**ਸੰਬੰਧਕ**

ਉਹ ਸ਼ਬਦ ਜੋ ਵਾਕ ਵਿੱਚ ਨਾਂਵਾਂ ਤੇ ਪੜਨਾਂਵਾਂ ਦਾ ਇੱਕ-ਦੂਜੇ ਨਾਲ਼ ਤੇ ਹੋਰਨਾਂ ਨਾਲ਼ ਸੰਬੰਧ ਜੋੜਨ, ਉਹ ਸੰਬੰਧਕ ਅਖਵਾਉਂਦੇ ਹਨ, ਜਿਵੇਂ ਦੇ, ਦੀਆਂ, ਤੋਂ, ਕੋਲ਼ੋਂ, ਉੱਤੇ ਆਦਿ ਸ਼ਬਦ ਸੰਬੰਧਕ ਹਨ।

**ਹੇਠ ਲਿਖੇ ਪੈਰੇ ਵਿੱਚ ਲਕੀਰੇ ਸ਼ਬਦ ਸੰਬੰਧਕ ਹਨ।**

ਪਿੰਡਾਂ **ਵਿੱਚ** ਇਸ ਤਿਉਹਾਰ **ਨੂੰ** ਸਾਂਝੀ ਥਾਂ ਪਿੰਡ **ਦੀ** ਸੱਥ ਵਿੱਚ ਪਾਥੀਆਂ ਤੇ ਲੱਕੜਾਂ **ਦੀ** ਲੋਹੜੀ ਬਾਲ਼ ਕੇ ਮਨਾਇਆ ਜਾਂਦਾ ਹੈ। ਲੋਹੜੀ ਵਾਲ਼ੀ ਪੋਹ ਮਹੀਨੇ **ਦੀ** ਆਖ਼ਰੀ ਰਾਤ ਠੰਢ **ਦਾ** ਬਹੁਤ ਜ਼ੋਰ ਹੁੰਦਾ ਹੈ। ਪਰਿਵਾਰ **ਦਾ** ਹਰ ਜੀਅ ਇਸਤਰੀਆਂ, ਬੱਚੇ ਤੇ ਬਜ਼ੁਰਗ ਬਲ਼ਦੀ ਹੋਈ ਲੋਹੜੀ ਦੁਆਲ਼ੇ ਬੈਠ ਕੇ ਨਿੱਘ **ਦਾ** ਅਨੰਦ ਮਾਣਦੇ ਹਨ।

**ਲੋਹੜੀ ਪਾਠ ਵਿੱਚ ਆਏ ਦਸ ਸੰਬੰਧਕ ਲਿਖੋ।**

ਸੰਬੰਧਕ : ਦੀ, ਵਿੱਚ, ਦੇ, ਨੂੰ, ਨਾਲ਼, ਲਈ, ਵਜੋਂ, ਤੋਂ, ਦੀਆਂ, ਦੁਆਲ਼ੇ।

**ਲੋਹੜੀ ਨਾਲ਼ ਸੰਬੰਧਿਤ ਕੋਈ ਲੋਕ-ਗੀਤ ਲਿਖੋ।**

ਟਾਂਡਾ ਟਾਂਡਾ ਵੇ ਲੋਕੜਿਉ ਟਾਂਡਾ<br>
ਇਸ ਟਾਂਡੇ ਨੂੰ ਲੱਗੜੀ ਚਾਬੀ<br>
ਸੋਨੇ ਵਰਗੀ ਭਾਬੀ<br>
ਇਸ ਭਾਬੀ ਨੇ ਪੁੱਤ ਜੰਮਿਆ ਹੀਰਾ<br>
ਲੋਹੜੀ ਦੇ ਵੇ ਦੋ ਸੌ ਵੀਰਾ